Government of **Western Australia**
Department of **Mines, Industry Regulation and Safety**

**WorkSafe**
Western Australia

ਜਾਣਕਾਰੀ ਸ਼ੀਟ

# WHS ਮਾਮਲਿਆਂ ਦੇ ਸੰਬੰਧ ਵਿੱਚ ਪੱਖਪਾਤੀ, ਜ਼ਬਰਦਸਤੀ ਅਤੇ ਗੁੰਮਰਾਹਕੁੰਨ ਵਿਹਾਰ

*Work Health and Safety Act 2020* (ਵਰਕ ਹੈਲਥ ਐਂਡ ਸੇਫਟੀ ਐਕਟ 2020) (WHS ਐਕਟ) WHS ਬਾਰੇ ਪੱਖਪਾਤੀ, ਜ਼ਬਰਦਸਤੀ ਅਤੇ ਗੁੰਮਰਾਹਕੁੰਨ ਵਿਹਾਰ ਨੂੰ ਰੋਕਦਾ ਹੈ। ਇਸਦਾ ਮਤਲਬ ਹੈ ਕਿ ਲੋਕ ਬਿਨ੍ਹਾਂ ਕਿਸੇ ਪੱਖਪਾਤ ਜਾਂ ਜ਼ਬਰਦਸਤੀ ਕੀਤੇ ਜਾਣ ਦੇ ਡਰ ਤੋਂ ਆਪਣੇ ਕੰਮ ਵਾਲੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਦੇ ਮੁੱਦਿਆਂ ਅਤੇ ਚਿੰਤਾਵਾਂ ਬਾਰੇ ਆਵਾਜ਼ ਉਠਾ ਸਕਦੇ ਹਨ।

## ਪੱਖਪਾਤ ਕੀ ਹੈ?

ਪੱਖਪਾਤ ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਬੇਇਨਸਾਫ਼ੀ ਜਾਂ ਨੁਕਸਾਨਦੇਹ ਵਿਵਹਾਰ ਕਰਨਾ ਹੈ। ਹਾਲਾਂਕਿ ਪੱਖਪਾਤ ਦੀਆਂ ਆਮ ਉਦਾਹਰਨਾਂ ਨਸਲ, ਉਮਰ, ਲਿੰਗ, ਜਾਂ ਅਪਾਹਜਤਾ ਦੇ ਆਧਾਰ 'ਤੇ ਹੋ ਸਕਦੀਆਂ ਹਨ, ਇਹ ਜਾਣਕਾਰੀ ਸ਼ੀਟ ਉਸ ਵਿਅਕਤੀ ਦੇ ਵਿਰੁੱਧ ਹੁੰਦੇ ਪੱਖਪਾਤ ਨੂੰ ਵੇਖਦੀ ਹੈ ਜਿੱਥੇ ਉਹ WHS ਕਾਨੂੰਨਾਂ ਨੂੰ ਲਾਗੂ ਕਰ ਰਹੇ ਹਨ।

ਵਰਜਿਤ ਕਾਰਨਾਂ ਕਰਕੇ ਕੀਤਾ ਗਿਆ ਪੱਖਪਾਤੀ ਵਿਹਾਰ WHS ਐਕਟ ਦੇ ਤਹਿਤ ਗੈਰ-ਕਾਨੂੰਨੀ ਹੈ। ਵਰਜਿਤ ਕਾਰਨ ਆਮ ਤੌਰ 'ਤੇ WHS ਕਾਨੂੰਨਾਂ ਦੇ ਅਧੀਨ ਅਧਿਕਾਰ, ਕਾਰਜ ਜਾਂ ਸ਼ਕਤੀ ਦੀ ਵਰਤੋਂ ਕਰਨ ਨਾਲ ਸੰਬੰਧਿਤ ਹੁੰਦੇ ਹਨ।

ਪੱਖਪਾਤੀ ਵਿਹਾਰ ਵਿੱਚ ਕਿਸੇ ਕਰਮਚਾਰੀ ਨੂੰ ਬਰਖ਼ਾਸਤ ਕਰਨਾ ਜਾਂ ਨੌਕਰੀ ਦੇਣ ਤੋਂ ਇਨਕਾਰ ਕਰਨਾ, ਕਿਸੇ ਕਰਮਚਾਰੀ ਨਾਲ ਸੇਵਾਵਾਂ ਦਾ ਇਕਰਾਰਨਾਮਾ ਖ਼ਤਮ ਕਰਨਾ ਜਾਂ ਕਰਮਚਾਰੀ ਦੇ ਅਹੁਦੇ ਨੂੰ ਨੁਕਸਾਨਦੇਹ ਰੂਪ ਵਿੱਚ ਬਦਲਣਾ (ਘਟਾਉਣਾ) ਸ਼ਾਮਲ ਹੋ ਸਕਦਾ ਹੈ।

ਉਪਰੋਕਤ ਕਾਰਵਾਈਆਂ ਵਿੱਚੋਂ ਕਿਸੇ ਨੂੰ ਕਰਨ ਦਾ ਪ੍ਰਬੰਧ ਕਰਨਾ, ਜਾਂ ਕਰਨ ਦੀ ਧਮਕੀ ਦੇਣਾ ਜਾਂ ਕਿਸੇ ਕਾਰਨ ਨੂੰ ਕਰਨਾ ਵੀ ਪੱਖਪਾਤੀ ਵਿਹਾਰ ਮੰਨਿਆ ਜਾ ਸਕਦਾ ਹੈ।

## ਜ਼ਬਰਦਸਤੀ ਕੀ ਹੈ?

ਜ਼ਬਰਦਸਤੀ ਕਿਸੇ ਨੂੰ ਤਾਕਤ ਜਾਂ ਧਮਕੀਆਂ ਦੀ ਵਰਤੋਂ ਕਰਕੇ ਕੁੱਝ ਕਰਨ ਲਈ ਮਨਾਉਣ ਦਾ ਤਰੀਕਾ ਹੈ।

WHS ਦੇ ਸੰਬੰਧ ਵਿੱਚ ਜ਼ਬਰਦਸਤੀ ਦਾ ਮਤਲਬ ਹੈ ਕਿ ਕਿਸੇ ਵਿਅਕਤੀ ਨੂੰ ਸਿਹਤ ਅਤੇ ਸੁਰੱਖਿਆ ਸ਼ਕਤੀ, ਕਾਰਜ ਜਾਂ ਭੂਮਿਕਾ ਲਈ ਕਿਸੇ ਵਿਅਕਤੀ ਨੂੰ ਧਮਕਾਉਣ ਲਈ, ਜ਼ਬਰਦਸਤੀ ਕਰਨ ਲਈ ਜਾਂ ਉਹ ਕੰਮ ਕਰਨ ਜਾਂ ਨਾ ਕਰਨ ਦੇ ਇਰਾਦੇ ਨਾਲ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ। ਇਸ ਵਿੱਚ ਅਜਿਹੀ ਕਾਰਵਾਈ ਕਰਨਾ, ਜਾਂ ਅਜਿਹੀ ਕਾਰਵਾਈ ਦਾ ਪ੍ਰਬੰਧ ਕਰਨ ਜਾਂ ਕਾਰਵਾਈ ਕਰਨ ਦੀ ਧਮਕੀ ਦੇਣਾ ਸ਼ਾਮਲ ਹੈ।

## ਗੁੰਮਰਾਹ ਕਰਨ ਦਾ ਕੀ ਮਤਲਬ ਹੈ?

ਕਿਸੇ ਵਿਅਕਤੀ ਦੁਆਰਾ ਜਾਣ ਬੁੱਝ ਕੇ ਜਾਂ ਲਾਪਰਵਾਹੀ ਨਾਲ ਝੂਠੀ ਜਾਂ ਗੁੰਮਰਾਹਕੁੰਨ ਪੇਸ਼ਕਾਰੀ ਕਰਨਾ ਇੱਕ ਜੁਰਮ ਹੈ:

- WHS ਕਾਨੂੰਨਾਂ (ਉਦਾਹਰਨ ਲਈ, ਕੰਮ ਬੰਦ ਕਰਨ ਦਾ ਅਧਿਕਾਰ) ਦੇ ਅਧੀਨ ਕਿਸੇ ਹੋਰ ਵਿਅਕਤੀ ਦੇ ਅਧਿਕਾਰਾਂ ਜਾਂ ਜ਼ਿੰਮੇਵਾਰੀਆਂ ਬਾਰੇ
- ਕਿਸੇ ਹੋਰ ਵਿਅਕਤੀ ਦੀ WHS ਕਾਨੂੰਨਾਂ (ਉਦਾਹਰਨ ਲਈ, ਸਿਹਤ ਅਤੇ ਸੁਰੱਖਿਆ ਪ੍ਰਤੀਨਿਧੀ ਦੀ ਚੋਣ ਕਰਨ ਲਈ ਬੇਨਤੀ ਕਰਨ ਦਾ ਅਧਿਕਾਰ) ਦੇ ਅਧੀਨ ਪ੍ਰਕਿਰਿਆ ਜਾਂ ਕਾਰਵਾਈ ਨੂੰ ਸ਼ੁਰੂ ਕਰਨ ਜਾਂ ਇਸ ਵਿੱਚ ਹਿੱਸਾ ਲੈਣ ਦੀ ਯੋਗਤਾ ਬਾਰੇ
- WHS ਐਕਟ ਦੇ ਤਹਿਤ ਪਾਲਣਾ ਕਰਵਾਉਣ ਵਾਲੀਆਂ ਸ਼ਕਤੀਆਂ ਵਾਲੀ ਕਿਸੇ ਪਾਰਟੀ ਨੂੰ ਸ਼ਿਕਾਇਤ ਜਾਂ ਪੁੱਛਗਿੱਛ ਕਰਨ ਦੀ ਕਿਸੇ ਹੋਰ ਵਿਅਕਤੀ ਦੀ ਯੋਗਤਾ ਬਾਰੇ (ਉਦਾਹਰਨ ਲਈ, ਇਹ ਦਾਅਵਾ ਕਰਨਾ ਕਿ ਇਹ ਹਾਲਾਤ ਕਿਸੇ ਮੁੱਦੇ ਨੂੰ ਹੱਲ ਕਰਨ ਲਈ ਵਰਕਸੇਫ਼ ਇੰਸਪੈਕਟਰ ਨੂੰ ਬੁਲਾਏ ਜਾਣ ਦੀ ਇਜਾਜ਼ਤ ਨਹੀਂ ਦਿੰਦੇ ਹਨ)।

ਇਹ ਸਿਰਫ਼ ਤਾਂ ਹੀ ਗਲਤ ਬਿਆਨਬਾਜ਼ੀ ਹੈ ਜੇਕਰ ਉਹ ਧਿਰ ਜਿਸ ਨੂੰ ਦੱਸਿਆ ਗਿਆ ਹੈ ਉਸ ਤੋਂ ਇਸ ਜਾਣਕਾਰੀ 'ਤੇ ਵਿਸ਼ਵਾਸ ਕਰਨ ਅਤੇ ਭਰੋਸਾ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ।

## ਸਿੱਟੇ

ਜੇਕਰ ਕੋਈ ਵਿਅਕਤੀ ਜ਼ਿੰਮੇਵਾਰ ਹੈ ਜਾਂ ਦੋਸ਼ੀ ਪਾਇਆ ਜਾਂਦਾ ਹੈ, ਤਾਂ ਸੰਬੰਧਿਤ ਅਦਾਲਤ ਜਾਂ ਟ੍ਰਿਬਿਊਨਲ ਜੁਰਮਾਨਾ ਲਗਾ ਸਕਦੀ ਹੈ ਜਾਂ ਕੋਈ ਹੁਕਮ ਸੁਣਾ ਸਕਦੀ ਹੈ। ਉਦਾਹਰਨ ਲਈ, ਕਿਸੇ ਕਰਮਚਾਰੀ ਨੂੰ ਬਹਾਲ ਕਰਨ ਜਾਂ ਮੁੜ-ਨੌਕਰੀ ਦੇਣ ਦਾ ਹੁਕਮ ਸੁਣਾਇਆ ਜਾ ਸਕਦਾ ਹੈ।

ਹੋ ਸਕਦਾ ਹੈ ਕਿ ਬਚਾਅ-ਪੱਖ ਜਵਾਬਦੇਹ ਨਾ ਹੋਵੇ ਜੇਕਰ ਉਹ ਇਹ ਸਾਬਿਤ ਕਰ ਸਕਦਾ ਹੈ ਕਿ ਉਹ ਵਿਵਹਾਰ ਉਨ੍ਹਾਂ ਹਾਲਤਾਂ ਵਿੱਚ ਵਾਜਬ ਸੀ ਅਤੇ ਉਸ ਵਿਵਹਾਰ ਦਾ ਇੱਕ ਮਹੱਤਵਪੂਰਨ ਕਾਰਨ WHS ਕਾਨੂੰਨਾਂ ਦੀ ਪਾਲਣਾ ਕਰਨਾ ਸੀ।

## ਅੱਗੇ ਦੀ ਸਲਾਹ

ਜੇਕਰ ਤੁਹਾਨੂੰ ਮੱਦਦ ਦੀ ਲੋੜ ਹੈ ਜਾਂ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਕੰਮ ਸੰਬੰਧੀ ਸਿਹਤ ਅਤੇ ਸੁਰੱਖਿਆ ਦੇ ਸੰਬੰਧ ਵਿੱਚ ਪੱਖਪਾਤੀ, ਜ਼ਬਰਦਸਤੀ ਜਾਂ ਗੁੰਮਰਾਹਕੁੰਨ ਵਿਹਾਰ ਦੇ ਅਧੀਨ ਰਹੇ ਹੋ, ਤਾਂ ਕਿਰਪਾ ਕਰਕੇ WorkSafe Contact Centre (ਵਰਕਸੇਫ਼ ਸੰਪਰਕ ਕੇਂਦਰ) ਨਾਲ WorkSafeCallCentre@dmirs.wa.gov.au 'ਤੇ ਈਮੇਲ ਜਾਂ 1300 307 877 'ਤੇ ਟੈਲੀਫ਼ੋਨ ਦੁਆਰਾ ਸੰਪਰਕ ਕਰੋ।

ਹੋਰ ਸੂਬਾ, ਖੇਤਰੀ ਅਤੇ ਰਾਸ਼ਟਰਮੰਡਲ ਕਾਨੂੰਨ ਵੀ ਪੱਖਪਾਤੀ, ਜ਼ਬਰਦਸਤੀ ਅਤੇ ਗੁੰਮਰਾਹਕੁੰਨ ਵਿਹਾਰ ਤੋਂ ਸੁਰੱਖਿਆ ਪ੍ਰਦਾਨ ਕਰਦੇ ਹਨ। ਉਦਾਹਰਨ ਲਈ, *Fair Work Act 2009 (ਫੇਅਰ ਵਰਕ ਐਕਟ 2009) (Cth)* ਜਾਂ *Equal Opportunity Act 1984 (ਬਰਾਬਰ ਮੌਕੇ ਦਾ ਅਧਿਕਾਰ ਕਾਨੂੰਨ 1984) (WA)* ਵਿੱਚ ਆਮ ਸੁਰੱਖਿਆਵਾਂ। ਫੇਅਰ ਵਰਕ ਐਕਟ 2009 ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਫੇਅਰ ਵਰਕ ਕਮਿਸ਼ਨ ਜਾਂ ਫੇਅਰ ਵਰਕ ਓਮਬਡਸਮੈਨ ਨਾਲ ਸੰਪਰਕ ਕਰੋ।

ਹੋਰ ਜਾਣਕਾਰੀ ਲਈ, *ਵਿਆਖਿਆਤਮਕ ਦਿਸ਼ਾ-ਨਿਰਦੇਸ਼ ਪੜ੍ਹੋ: ਪੱਖਪਾਤੀ, ਜ਼ਬਰਦਸਤੀ ਅਤੇ ਗੁੰਮਰਾਹਕੁੰਨ ਵਿਹਾਰ ਬਾਰੇ*।

ਇਹ ਇੱਕ ਛੋਟੀ ਗਾਈਡ ਹੈ। ਨੌਕਰੀ ਧਾਰਕਾਂ ਨੂੰ ਕਰਤੱਵਾਂ ਅਤੇ ਜ਼ੁੰਮੇਵਾਰੀਆਂ ਦੀ ਪੂਰੀ ਸਮਝ ਲਈ ਵਰਕ ਹੈਲਥ ਐਂਡ ਸੇਫਟੀ ਐਕਟ 2020 ਅਤੇ ਸੰਬੰਧਤਿ ਨਯਿਮਾਂ ਦਾ ਹਵਾਲਾ ਦੇਣਾ ਚਾਹੀਦਾ ਹੈ।

WSMay22_1144